www.xtrapapers.com

AS

# PANJABI

Unit 1 Reading and Writing

# Insert

Text to be used when answering Section 1

www.xtrapapers.com



Text for use with **Section 1**

(ੳ)

## ਭਿਆਨਕ ਬਿਮਾਰੀਆਂ ਫੈਲਾ ਰਿਹਾ ਸਤਲੁਜ ਦਾ ਪ੍ਰਦੂਸ਼ਿਤ ਪਾਣੀ

ਲੁਧਿਆਣੇ ਸ਼ਹਿਰ ਦਾ ਗੰਦਾ ਅਤੇ ਫੈਕਟਰੀਆਂ ਦਾ ਤੇਜ਼ਾਬੀ ਪਾਣੀ ਬੁੱਢੇ ਨਾਲੇ ਵਿੱਚ ਦੀ ਸਤਲੁਜ ਦਰਿਆ ਵਿੱਚ ਪੈ ਕੇ ਪਾਣੀ ਨੂੰ ਪ੍ਰਦੂਸ਼ਿਤ ਕਰ ਰਿਹਾ ਹੈ। ਇਸ ਕਾਰਨ ਇਲਾਕੇ ਦੇ ਲੋਕ ਭਿਆਨਕ ਬਿਮਾਰੀਆਂ ਦੇ ਸ਼ਿਕਾਰ ਹੋ ਕੇ ਮੌਤ ਦੇ ਮੂੰਹ ਵਿੱਚ ਜਾ ਰਹੇ ਹਨ।

ਉੱਨ ਰੰਗਣ ਵਾਲੀਆਂ ਫੈਕਟਰੀਆਂ ਦੇ ਗੰਦੇ ਪਾਣੀ ਕਾਰਨ ਇਹ ਪਾਣੀ ਹੁਣ ਫਸਲਾਂ ਦੇ ਯੋਗ ਵੀ ਨਹੀਂ। ਇਸ ਨਾਲ ਪੈਦਾ ਕੀਤੀਆਂ ਸਬਜ਼ੀਆਂ ਦੀ ਵਰਤੋਂ ਨਾਲ ਤੰਦਰੁਸਤ ਲੋਕ ਵੀ ਮਰੀਜ਼ ਬਣ ਰਹੇ ਹਨ। ਇਸ ਪਾਣੀ ਵਿੱਚ ਪਲਣ ਵਾਲੀਆਂ ਮੱਛੀਆਂ, ਕਈ ਪ੍ਰਵਾਸੀ ਪੰਛੀਆਂ ਅਤੇ ਜੀਵ-ਜੰਤੂਆਂ ਦੀਆਂ ਨਸਲਾਂ ਹੀ ਖਤਮ ਹੋ ਗਈਆਂ ਹਨ। ਕੁਝ ਸਮਾਂ ਪਹਿਲਾਂ ਹਾਈਕੋਰਟ ਦੇ ਬੁੱਢੇ ਨਾਲੇ ਵਿੱਚ ਤੇਜ਼ਾਬੀ ਪਾਣੀ ਨਾ ਪਾਉਣ ਦੇ ਹੁਕਮਾਂ ਨਾਲ ਕੁਝ ਫੈਕਟਰੀਆਂ ਨੂੰ ਤਾਲੇ ਲੱਗ ਗਏ ਸਨ। ਕਈ ਫੈਕਟਰੀਆਂ ਦੇ ਮਾਲਕ ਰਿਸ਼ਵਤ ਦੇ ਕੇ ਇਸ ਹੁਕਮ ਦੀ ਪਾਲਣਾ ਨਹੀਂ ਕਰਦੇ।

ਕਈ ਪਿੰਡਾਂ ਵਿਚਲਾ ਧਰਤੀ ਹੇਠਲਾ ਪਾਣੀ ਵੀ ਪ੍ਰਦੂਸ਼ਿਤ ਹੋ ਚੁੱਕਾ ਹੈ। ਸਰਕਾਰ ਬੁੱਢੇ ਨਾਲੇ ਦੇ ਪਾਣੀ ਨੂੰ ਸਾਫ ਕਰਕੇ ਫਸਲਾਂ ਲਈ ਵਰਤੋਂ ਵਾਸਤੇ ਯੋਜਨਾ ਬਣਾ ਰਹੀ ਹੈ ਪਰ ਇਸ ਦੇ ਆਲੇ-ਦੁਆਲੇ ਦੀ ਜ਼ਮੀਨ ਤੇ ਲੋਕਾਂ ਦੇ ਕੀਤੇ ਨਾਜਾਇਜ਼ ਕਬਜੇ ਇਸ ਦੇ ਰਾਹ ਵਿੱਚ ਰੋੜਾ ਬਣੇ ਹੋਏ ਹਨ। ਸਰਕਾਰ ਨੂੰ ਸਭ ਤੋਂ ਪਹਿਲਾਂ ਗੰਦਾ ਪਾਣੀ ਦਰਿਆ ਵਿੱਚ ਪੈਣ ਤੋਂ ਰੋਕਣਾ ਚਾਹੀਦਾ ਹੈ।

www.xtrapapers.com



Text for use with **Section 1**

(ਅ)

## ਪ੍ਰਾਹੁਣਚਾਰੀ

ਪੁਰਾਣੇ ਸਮੇਂ ਵਿੱਚ ਜਦੋਂ ਕਿਸੇ ਘਰ ਪ੍ਰਾਹੁਣੇ ਆਉਂਦੇ ਤਾਂ ਘਰ ਵਾਲਿਆਂ ਨੂੰ ਚਾਅ ਚੜ੍ਹ ਜਾਂਦਾ। ਸਾਰਾ ਪਰਿਵਾਰ ਪ੍ਰਾਹੁਣਿਆਂ ਦੇ ਆਲੇ-ਦੁਆਲੇ ਬੈਠ ਜਾਂਦਾ ਤੇ ਗੱਲਾਂਬਾਤਾਂ ਕਰਦਿਆਂ ਦਿਨ ਢਲਣ ਦਾ ਪਤਾ ਹੀ ਨਾ ਲਗਦਾ। ਘਰ ਆਇਆਂ ਦੀ ਸੇਵਾ ਕਰਨਾ ਲੋਕ ਆਪਣਾ ਸੁਭਾਗ ਸਮਝਦੇ ਸਨ। ਜਦੋਂ ਛੋਟੇ ਵੱਡਿਆਂ ਦਾ ਸਤਿਕਾਰ ਕਰਨ ਲਈ ਪੈਰੀਂ ਹੱਥ ਲਾਉਂਦੇ ਤਾਂ ਸੀਨਾ ਠਾਰਨ ਵਾਲੀਆਂ ਅਸੀਸਾਂ ਮਿਲਦੀਆਂ।

ਨਵੀਆਂ ਖੋਜਾਂ ਨੇ ਸੁਖਮਈ ਜੀਵਨ ਪ੍ਰਦਾਨ ਕਰਦੇ ਹੋਏ ਸਭਿਆਚਾਰ ਤੋਂ ਮੀਲਾਂ ਦੂਰ ਕਰ ਦਿੱਤਾ ਹੈ। ਅੱਜ ਕੱਲ੍ਹ ਚਾਹ-ਪਾਣੀ ਦਾ ਸੁਆਦ ਕਿਰਕਿਰਾ ਹੋ ਜਾਂਦਾ ਹੈ ਜਦੋਂ ਮੋਬਾਇਲ ਫੋਨ ਦੀ ਘੰਟੀ ਵੱਜਦੀ ਹੈ। ਕਈ ਵਾਰੀ ਰਿੰਗ ਟੋਨ ਇੰਨੀ ਮਾੜੀ ਹੁੰਦੀ ਹੈ ਕਿ ਪਰਿਵਾਰ ਦੇ ਮੈਂਬਰਾਂ ਦੇ ਸਿਰ ਝੁਕ ਜਾਂਦੇ ਹਨ। ਜਦੋਂ ਫੋਨ ਤੇ ਉੱਚੀ ਅਵਾਜ਼ ਵਿੱਚ ਗੱਲ ਕਰਦਿਆਂ ਮੰਦੇ ਬੋਲ ਮੂੰਹੋਂ ਨਿਕਲਦੇ ਹਨ ਤਾਂ ਹੱਦ ਹੀ ਹੋ ਜਾਂਦੀ ਹੈ। ਸਿੱਖਣ ਵਾਲੀ ਗੱਲ ਇਹ ਹੈ ਕਿ ਮਿਲਣ ਵੇਲੇ ਕੁਝ ਸਮੇਂ ਲਈ ਇਸ ਖਿਡੌਣੇ ਦਾ ਖਹਿੜਾ ਛੱਡ ਕੇ ਆਪਣੇ ਰਿਸ਼ਤੇ ਮਜ਼ਬੂਤ ਕਰੀਏ।

www.xtrapapers.com



**There is no text printed on this page**

**Copyright information**

For confidentiality purposes, from the November 2015 examination series, acknowledgements of third party copyright material will be published in a separate booklet rather than including them on the examination paper or support materials. This booklet is published after each examination series and is available for free download from www.aqa.org.uk after the live examination series.

Permission to reproduce all copyright material has been applied for. In some cases, efforts to contact copyright-holders may have been unsuccessful and AQA will be happy to rectify any omissions of acknowledgements. If you have any queries please contact the Copyright Team, AQA, Stag Hill House, Guildford, GU2 7XJ.

Copyright © 2017 AQA and its licensors.  All rights reserved.